ਤੁਰੰਤ ਜਾਰੀ ਕਰਨ ਹਿਤ
29 ਜੁਲਾਈ, 2020

ਸਿੱਖਿਆ ਮੰਤਰਾਲਾ

**ਕੇ-12 ਵਿਦਿਆਰਥੀਆਂ ਨੂੰ ਸੁਰੱਖਿਅਤ ਢੰਗ ਨਾਲ ਪੂਰੇ ਸਮੇਂ ਲਈ ਕਲਾਸਾਂ ਵਿੱਚ ਵਾਪਸ ਲਿਆਉਣ ਦੀ ਯੋਜਨਾ**

ਵਿਕਟੋਰੀਆ- ਉੱਚ-ਪੱਧਰੀ ਸੁਰੱਖਿਆ ਉਪਾਵਾਂ ਅਤੇ ਹੋਰ ਵਧੇਰੇ ਸਾਧਨਾਂ ਕਰਕੇ ਸੂਬੇ ਦੇ ਬੀ ਸੀ ਦੀ ਸਿੱਖਿਆ ਮੁੜ-ਚਾਲੂ ਯੋਜਨਾ ਦੇ ਪੜਾਅ 2 ਵੱਲ ਚੱਲਣ ਦੇ ਨਾਲ ਨਾਲ ਗਰੇਡ ਕੇ-12 ਦੇ ਜ਼ਿਆਦਾਤਰ ਵਿਦਿਆਰਥੀ ਪੂਰੇ ਸਮੇਂ ਲਈ ਕਲਾਸਾਂ ਵਿੱਚ ਪੜ੍ਹਾਈ ਲਈ 8 ਸਤੰਬਰ ਨੂੰ ਸਕੂਲ ਵਿੱਚ ਵਾਪਸ ਆ ਸਕਣਗੇ।

"ਕਲਾਸ ਰੂਮ ਇੱਕ ਬੱਚੇ ਦੇ ਸਮਾਜਕ, ਅਕਾਦਮਿਕ ਅਤੇ ਮਾਨਸਕ ਵਿਕਾਸ ਦਾ ਇੱਕ ਅਹਿਮ ਹਿੱਸਾ ਹੁੰਦਾ ਹੈ, ਅਤੇ ਇਹੀ ਕਾਰਣ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ ਕਿ ਵਿਦਿਆਰਥੀ ਅਗਲਾ ਸਕੂਲ ਵਰ੍ਹਾ ਆਪਣੇ ਅਧਿਆਪਕਾਂ ਅਤੇ ਜਮਾਤੀਆਂ ਨਾਲ ਸੁਰੱਖਿਅਤ ਢੰਗ ਨਾਲ ਬਿਤਾ ਸਕਣ," ਸਿੱਖਿਆ ਮੰਤਰੀ ਰੌਬ ਫ਼ਲੈਮਿੰਗ ਨੇ ਕਿਹਾ, "ਅਸੀਂ ਕੈਨੇਡਾ ਵਿੱਚ ਇੱਕੋ ਇੱਕ ਅਜਿਹਾ ਅਧਿਕਾਰ ਖੇਤਰ ਹਾਂ ਜਿਸ ਵਿੱਚ ਸਕੂਲ ਵਰ੍ਹਾ ਖ਼ਤਮ ਹੋਣ ਤੋਂ ਪਹਿਲਾਂ ਸੂਬਾਈ ਪੱਧਰ 'ਤੇ ਵਿਦਿਆਰਥੀਆਂ ਨੂੰ ਕਲਾਸ ਰੂਮ ਵਿੱਚ ਵਾਪਸ ਲਿਆਂਦਾ ਗਿਆ ਹੈ ਅਤੇ ਇਸ ਨਾਲ ਸਾਨੂੰ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ ਜਿਸ ਦੀ ਅਸੀਂ ਆਪਣੀਆਂ ਯੋਜਨਾਵਾਂ ਵਿਕਸਤ ਕਰਨ ਲਈ ਵਰਤੋਂ ਕਰ ਰਹੇ ਹਾਂ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਕੂਲਾਂ ਵਿੱਚ ਸਿਹਤ ਅਤੇ ਸੁਰੱਖਿਆ ਸਭ ਤੋਂ ਉਪਰ ਰਹੇ।"

ਸੂਬਾਈ ਸਿਹਤ ਅਫ਼ਸਰ ਦੀ ਸਲਾਹ 'ਤੇ, ਵਿਦਿਆਰਥੀਆਂ ਨੂੰ ਕੋਹੋਰਟ ਜਾਂ ਸਿੱਖਿਆ ਸਮੂਹਾਂ ਵਿੱਚ ਵੰਡਿਆ ਜਾਵੇਗਾ, ਜੋ ਅਜਿਹਾ ਸਮੂਹ ਹੋਵੇਗਾ ਜਿਸ ਵਿੱਚ ਹਮੇਸ਼ਾ ਉਹੀ ਸਟਾਫ਼ ਅਤੇ ਵਿਦਿਆਰਥੀ ਰਹਿਣਗੇ। ਇਸ ਨਾਲ ਹਰ ਇੱਕ ਵਿਦਿਆਰਥੀ ਜਾਂ ਸਟਾਫ਼ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਘਟ ਜਾਵੇਗੀ, ਜੋ ਫ਼ੈਲਾਉ ਦੇ ਖ਼ਤਰੇ ਨੂੰ ਘਟਾਏਗਾ ਅਤੇ ਸਿਹਤ ਅਧਿਕਾਰੀਆਂ ਦੁਆਰਾ ਵਧੇਰੇ ਤੇਜ਼ੀ ਨਾਲ ਸੰਪਰਕ ਦੀ ਖੋਜ (contact tracing) ਕਰ ਸਕਣਾ ਯਕੀਨੀ ਬਣੇਗਾ।

ਸਾਰੇ ਸਿੱਖਿਆ ਬੋਰਡਾਂ ਅਤੇ ਸੁਤੰਤਰ ਸਕੂਲ ਅਧਿਕਰਣਾਂ ਲਈ ਬੀ ਸੀ ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਦੇ ਤਾਜ਼ਾ ਅਤੇ ਨਵਪੂਰਤ ਦਿਸ਼ਾਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਕੋਵਿਡ-19 ਦੇ ਫ਼ੈਲਾਉ ਦਾ ਖ਼ਤਰਾ ਘੱਟ ਕਰਨ ਲਈ ਸਿਹਤ ਅਤੇ ਸੁਰੱਖਿਆ ਦੇ ਉਪਾਵਾਂ ਦਾ ਇੱਕ ਸਿਲਸਿਲਾ ਲਾਗੂ ਕਰਦੇ ਰਹਿਣਾ ਜ਼ਰੂਰੀ ਹੋਵੇਗਾ।

"ਅਸੀਂ ਜਾਣਦੇ ਹਾਂ ਕਿ ਬੱਚਿਆਂ ਲਈ ਸਕੂਲ ਵਾਪਸ ਆਉਣਾ ਕਿੰਨਾ ਮਹੱਤਵਪੂਰਣ ਹੈ-ਤਾਂ ਕਿ ਉਨ੍ਹਾਂ ਦੀ ਭਾਵਨਾਤਮਕ ਅਤੇ ਮਾਨਸਕ ਸਿਹਤ ਅਤੇ ਸਮਾਜਕ ਮੇਲਜੋਲ ਅਤੇ ਸਿੱਖਣ ਦੀ ਸਮਰੱਥਾ, ਦੋਹਾਂ ਨੂੰ ਸਹਾਰਾ ਮਿਲ ਸਕੇ," ਡਾ. ਬੌਨੀ ਹੈਨਰੀ, ਬੀ ਸੀ ਦੀ ਸੂਬਾਈ ਸਿਹਤ ਅਫ਼ਸਰ ਨੇ ਕਿਹਾ, "ਸਕੂਲ ਵਾਪਸ ਆਉਣਾ ਬਹੁਤ ਸਾਰੇ ਮਾਪਿਆਂ ਦੇ ਕੰਮਾਂ 'ਤੇ ਵਾਪਸ ਜਾ ਸਕਣ ਵਿੱਚ ਮਦਦ ਕਰਨ ਲਈ ਵੀ ਬੇਹੱਦ ਅਹਿਮ ਹੈ, ਪਰ ਸਾਡੇ ਲਈ ਇਹ ਸੁਰੱਖਿਅਤ ਢੰਗ ਨਾਲ ਕਰਨਾ ਜ਼ਰੂਰੀ ਹੈ। ਹੁਣ ਜਦੋਂ ਅਸੀਂ ਪੱਤਝੜ ਵਿੱਚ ਪਹੁੰਚ ਰਹੇ ਹਾਂ, ਤਾਂ ਅਸੀਂ ਪਰਿਵਾਰਾਂ ਅਤੇ ਕਾਰਜ-ਸਥਾਨਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਲਚਕੀਲਾ ਰਵੱਈਆ ਜਾਰੀ ਰੱਖਣ। ਇਸ ਪੱਤਝੜ ਵਿੱਚ ਸਕੂਲਾਂ ਨੂੰ ਦੁਬਾਰਾ ਤੋਂ ਖੋਲ੍ਹਣ ਬਾਰੇ ਅਤੇ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਬੱਚਿਆਂ ਦੀ ਉਨ੍ਹਾਂ ਤਰੀਕਿਆਂ ਨਾਲ ਮਦਦ ਕਰੀਏ ਜਿਨ੍ਹਾਂ ਨਾਲ ਉਹ, ਉਨ੍ਹਾਂ ਨੂੰ ਪੜ੍ਹਾਉਣ ਵਾਲੇ ਲੋਕ ਅਤੇ ਸਾਡੇ ਭਾਈਚਾਰੇ ਸੁਰੱਖਿਅਤ ਰਹਿਣ, ਅਸੀਂ ਬਹੁਤ ਸਾਰਾ ਵਿਚਾਰਪੂਰਣ ਕਾਰਜ ਅਤੇ ਸੋਚ ਵਿਚਾਰ ਕੀਤਾ ਹੈ।"

ਇਸ ਮਹਾਮਾਰੀ ਦੌਰਾਨ, ਵਿਦਿਆਰਥੀਆਂ ਅਤੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਵਿੱਚ ਮਦਦ ਕਰਨ ਅਤੇ ਇਸ ਨੂੰ ਯਕੀਨੀ ਬਣਾਉਣ ਲਈ, ਬੀ ਸੀ ਕੋਵਿਡ-19 ਕਾਰਜ-ਯੋਜਨਾ ਦੇ ਇੱਕ ਹਿੱਸੇ ਵੱਜੋਂ, 45.6 ਮਿਲੀਅਨ ਡਾਲਰ ਦੇ ਇੱਕੋ ਵਾਰੀ ਹੋਣ ਵਾਲੇ ਨਿਵੇਸ਼ ਨਾਲ ਸਕੂਲ ਡਿਸਟ੍ਰਿਕਟਾਂ ਅਤੇ ਸੁਤੰਤਰ ਸਕੂਲਾਂ ਨੂੰ ਸਕੂਲ ਵਰ੍ਹਾ ਆਰੰਭ ਕਰਨ ਲਈ ਸਹਾਇਤਾ ਮਿਲੇਗੀ। ਇਸ ਨਿਵੇਸ਼ ਨਾਲ ਯਕੀਨੀ ਬਣੇਗਾ ਕਿ ਹੋਰ ਸੁਰੱਖਿਆ ਉਪਾਵਾਂ ਦੇ ਨਾਲ ਨਾਲ ਵਧੇਰੇ ਛੋਹੀਆਂ ਜਾਣ ਵਾਲੀਆਂ ਸਤਹਾਂ ਦੀ ਵਧੇਰੇ ਸਫ਼ਾਈ ਹੋ ਸਕੇ; ਹੱਥਾਂ ਦੀ ਸਾਫ਼-ਸਫ਼ਾਈ ਲਈ ਸਥਾਨਾਂ ਦੀ ਗਿਣਤੀ ਵਧੇ, ਅਤੇ ਮੰਗੇ ਜਾਣ 'ਤੇ ਮਾਸਕ ਉਪਲਬਧ ਹੋ ਸਕਣ।

ਸਟਾਫ਼ ਅਤੇ ਵਿਦਿਆਰਥੀ (ਜਾਂ ਉਨ੍ਹਾਂ ਦੇ ਮਾਪੇ/ਸਰਪ੍ਰਸਤ) ਵੀ ਕੋਵਿਡ-19 ਦੇ ਲੱਛਣਾਂ ਲਈ ਹਰ ਰੋਜ਼ ਲਾਜ਼ਮੀ ਆਪਣਾ ਮੁਲਾਂਕਣ ਕਰਨ। ਜੇ ਕਿਸੇ ਵਿਦਿਆਰਥੀ ਜਾਂ ਸਟਾਫ਼ ਮੈਂਬਰ ਨੂੰ ਭਾਵੇਂ ਹਲਕੇ ਲੱਛਣ ਹੀ ਹੋਣ, ਉਸ ਵਿਅਕਤੀ ਨੂੰ ਘਰ ਵਾਪਸ ਭੇਜਣ ਦੇ ਇੰਤਜ਼ਾਮ ਕੀਤੇ ਜਾਣਗੇ।

ਮੰਤਰਾਲਾ ਸੰਚਾਲਕ ਦਿਸ਼ਾਨਿਰਦੇਸ਼ ਵਿਕਸਤ ਕਰ ਰਿਹਾ ਹੈ ਜੋ ਸਤੰਬਰ ਲਈ ਉਨ੍ਹਾਂ ਦੀ ਯੋਜਨਾਬੰਦੀ ਵਿੱਚ ਸਕੂਲ ਡਿਸਟ੍ਰਿਕਟਾਂ ਅਤੇ ਸੁਤੰਤਰ ਸਕੂਲਾਂ ਦੀ ਅਗਾਂਹ ਹੋਰ ਮਦਦ ਕਰਨਗੇ। ਸਰਵੋਤਮ ਵਿਧੀਆਂ ਦੀ ਪਛਾਣ ਕਰਨ ਲਈ ਅਤੇ ਸੰਭਾਵਤ ਮੁੱਦਿਆਂ ਦਾ ਹੱਲ ਲੱਭਣ ਲਈ ਇੱਕ ਐਜੁਕੇਸ਼ਨ ਸਟੀਅਰਿੰਗ ਕਮੇਟੀ (ਸਿੱਖਿਆ ਸੰਚਾਲਨ ਕਮੇਟੀ) ਵੀ ਸਥਾਪਤ ਕੀਤੀ ਗਈ ਹੈ ਜਿਸ ਵਿੱਚ ਅਧਿਆਪਕ, ਮਾਪੇ, ਮੂਲਵਾਸੀ ਅਧਿਕਾਰ ਧਾਰਕ, ਸਹਾਇਕ ਸਟਾਫ਼, ਪ੍ਰਿੰਸੀਪਲ ਅਤੇ ਵਾਈਸ-ਪ੍ਰਿੰਸੀਪਲ, ਸਕੂਲ ਟਰੱਸਟੀ ਅਤੇ ਜਨਤਕ ਸਿਹਤ ਖੇਤਰ ਸ਼ਾਮਲ ਹਨ।

"ਜਿਵੇਂ ਜਿਵੇਂ ਕੋਵਿਡ-19 ਮਹਾਮਾਰੀ ਦੌਰਾਨ ਸਿੱਖਿਆ ਪ੍ਰਦਾਨ ਕਰਨ ਨੂੰ ਸਮਾਂ ਅਨੁਕੂਲ ਬਣਾਉਣ ਬਾਰੇ ਸਾਨੂੰ ਗਿਆਨ ਹੁੰਦਾ ਜਾਏਗਾ, ਬੀ ਸੀ ਵਿੱਚ ਵਿਗਿਆਨ-ਅਧਾਰਤ ਨਿਰਣਿਆਂ 'ਤੇ ਮਜ਼ਬੂਤੀ ਨਾਲ ਧਿਆਨ ਕੇਂਦ੍ਰਿਤ ਰੱਖਣਾ ਜਾਰੀ ਰਹੇਗਾ," ਸਟੈਫ਼ਨੀ ਹਿਗਿਨਸਨ, ਪ੍ਰਧਾਨ, ਬੀ ਸੀ ਸਕੂਲ ਟਰੱਸਟੀ ਐਸੋਸੀਏਸ਼ਨ ਨੇ ਕਿਹਾ, "ਪੂਰੇ ਸੂਬੇ ਵਿੱਚ ਸਿੱਖਿਆ ਬੋਰਡ, ਸੂਬਾਈ ਸਿਹਤ ਅਫ਼ਸਰ ਦੀ ਸਲਾਹ ਨਾਲ ਬਣਾਏ ਗਏ ਨਵਪੂਰਤ ਸਿਹਤ ਅਤੇ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਨਗੇ, ਤਾਂ ਕਿ ਇਹ ਯਕੀਨੀ ਬਣ ਸਕੇ ਕਿ ਸਿੱਖਿਆ ਵਿੱਚ ਇਸ ਨਾਜ਼ੁਕ ਸਮੇਂ ਦੌਰਾਨ ਵਿਦਿਆਰਥੀ ਉਨ੍ਹਾਂ ਦੇ ਭਾਈਚਾਰਕ ਸਕੂਲ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸਮਾਜਕ, ਭਾਵਨਾਤਮਕ ਅਤੇ ਅਕਾਦਮਿਕ ਸਹਾਇਤਾ ਪ੍ਰਾਪਤ ਕਰਦੇ ਰਹਿ ਸਕਣ।"

ਪੂਰੀਆਂ ਗਰਮੀਆਂ ਦੌਰਾਨ, ਪਰਿਵਾਰਾਂ ਨੂੰ ਉਨ੍ਹਾਂ ਦੇ ਸਕੂਲ ਡਿਸਟ੍ਰਿਕਟ ਜਾਂ ਸੁਤੰਤਰ ਸਕੂਲ ਵੱਲੋਂ ਐਲੀਮੈਂਟਰੀ, ਮਿਡਲ ਅਤੇ ਸੈਕੰਡਰੀ ਸਕੂਲਾਂ ਲਈ ਨਵਪੂਰਤ ਸਿਹਤ ਅਤੇ ਸੁਰੱਖਿਆ ਦਿਸ਼ਾਨਿਰਦੇਸ਼ਾਂ ਬਾਰੇ ਅਤੇ ਇਸ ਦੇ ਨਾਲ ਨਾਲ ਸਿੱਖਿਆ ਸਮੂਹਾਂ, ਸਮਾਂ-ਸਾਰਣੀਆਂ, ਐਨਰੋਲਮੈਂਟ ਅਤੇ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਬਾਰੇ ਪੱਤਰ ਮਿਲੇਗਾ ਜਿਸ ਵਿੱਚ ਮੰਤਰਾਲੇ ਨੂੰ ਭੇਜੇ ਜਾ ਰਹੇ ਅੰਤਿਮ ਵੇਰਵੇ ਦਿੱਤੇ ਹੋਣਗੇ ਜੋ 26 ਅਗਸਤ ਤੱਕ ਡਿਸਟ੍ਰਿਕਟਾਂ ਦੁਆਰਾ ਔਨਲਾਈਨ ਪ੍ਰਕਾਸ਼ਿਤ ਕੀਤੇ ਜਾਣਗੇ।

ਵਿਦਿਆਰਥੀਆਂ ਅਤੇ ਸਟਾਫ਼ ਦੀ ਸੁਰੱਖਿਆ ਸਭ ਤੋਂ ਉਪਰ ਹੈ, ਅਤੇ ਸਰਕਾਰ ਡਾ. ਹੈਨਰੀ ਅਤੇ ਉਨ੍ਹਾਂ ਦੀ ਜਨਤਕ ਸਿਹਤ ਟੀਮ ਦੀ ਮਾਹਰਾਨਾ ਸਲਾਹ 'ਤੇ ਅਮਲ ਕਰਦਿਆਂ, ਵਿਗਿਆਨ-ਅਧਾਰਤ ਨਿਰਣੇ ਲੈਂਦੀ ਰਹੇਗੀ।

**ਹੋਰ ਜਾਣੋ:**

ਕੇ-12 ਸਿੱਖਿਆ ਮੁੜ-ਚਾਲੂ ਯੋਜਨਾ ਬਾਰੇ ਹੋਰ ਜਾਣਕਾਰੀ ਲਈ, https://gov.bc.ca/covid19returntoschool 'ਤੇ ਜਾਉ

ਇੱਕ ਸਥਾਨਕ ਸਕੂਲ ਡਿਸਟ੍ਰਿਕਟ ਲੱਭਣ ਲਈ, http://www.bced.gov.bc.ca/schools/bcmap.htm 'ਤੇ ਜਾਉ

**ਕਥਨ:**

**ਐਂਡਰੀਆ ਸਿਨਕਲੇਅਰ, ਪ੍ਰਧਾਨ, ਬੀ ਸੀ ਕੌਨਫ਼ੈਡਰੇਸ਼ਨ ਔਫ਼ ਪੇਰੈਂਟ ਐਡਵਾਈਜ਼ਰੀ ਕਾਉਂਸਲਜ਼ –**
"ਬੀ ਸੀ ਸੀ ਪੀ ਏ ਸੀ ਆਪਣੇ ਸਮਰਪਿਤ ਬੋਰਡ ਮੈਂਬਰਾਂ ਦਾ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਵੱਖ ਵੱਖ ਮੁੜ-ਚਾਲੂ ਕਮੇਟੀਆਂ ਵਿੱਚ ਰਹਿ ਕੇ ਕੰਮ ਕੀਤਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਤੰਬਰ ਵਿੱਚ ਸਕੂਲ ਵਾਪਸੀ ਲਈ ਯੋਜਨਾਬੰਦੀ ਵਿੱਚ ਬਰਾਬਰੀ, ਸਮਾਵੇਸ਼, ਸਿਹਤ ਅਤੇ ਸੁਰੱਖਿਆ, ਅਤੇ ਵਿਦਿਅਕ ਪ੍ਰੋਗਰਾਮਾਂ ਦੀ ਬਣਤਰ ਮੋਹਰੀ ਬਣੀ ਰਹੇ। ਮਾਪਿਆਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਚੀਜ਼ਾਂ ਵਿੱਚ ਪ੍ਰਗਤੀ ਹੋਵੇਗੀ ਅਤੇ ਇਹ ਆਉਣ ਵਾਲੇ ਹਫ਼ਤਿਆਂ ਵਿੱਚ ਵਿਕਸਤ ਹੋਣਗੀਆਂ, ਸਿੱਖਿਆ ਮੰਤਰਾਲਾ ਬੀ ਸੀ ਸੀ ਪੀ ਏ ਸੀ ਅਤੇ ਸਾਡੇ ਵਿਦਿਅਕ ਭਾਈਵਾਲਾਂ ਨਾਲ ਸਿੱਧਾ ਸਹਿਯੋਗ ਕਰੇਗਾ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀ-ਸੁਰੱਖਿਆ ਸਿਖਰਲੀ ਪਹਿਲ ਬਣੀ ਰਹੇ।"

**ਪੌਲ ਫ਼ਾਊਰੋ, ਪ੍ਰਧਾਨ, ਕਿਊਪੀ ਬੀ ਸੀ**

"ਸਾਨੂੰ ਇਹ ਦੇਖ ਕੇ ਪ੍ਰਸੰਨਤਾ ਹੋ ਰਹੀ ਹੈ ਕਿ ਸਕੂਲਾਂ ਨੂੰ ਸਾਫ਼, ਸੁਰੱਖਿਅਤ ਅਤੇ ਸਮਾਵੇਸ਼ੀ ਰੱਖਣ ਲਈ ਜੋ ਅਹਿਮ ਕਾਰਜ ਸਾਡੇ ਮੈਂਬਰ ਕਰਦੇ ਹਨ, ਸੂਬਾਈ ਸਰਕਾਰ ਉਸ ਨੂੰ ਮਾਨਤਾ ਦਿੰਦੀ ਹੈ। ਸਾਧਨਾਂ ਦਾ ਹੋਰ ਵਧੇਰੇ ਨਿਵੇਸ਼ ਰਖਵਾਲਿਆਂ ਦੇ ਜ਼ਰੂਰੀ ਪੱਧਰ ਨੂੰ ਯਕੀਨੀ ਬਣਾਉਣ ਵਿੱਚ ਸਹਾਈ ਹੋਵੇਗਾ ਤਾਂ ਕਿ ਇਹ ਯਕੀਨੀ ਬਣ ਸਕੇ ਕਿ ਸਕੂਲਾਂ ਦੀ ਸਹੀ ਢੰਗ ਨਾਲ ਸਫ਼ਾਈ ਹੋ ਸਕੇ ਅਤੇ ਵਿਦਿਆਰਥੀ ਅਤੇ ਸਟਾਫ਼ ਸਾਡੇ ਸਕੂਲਾਂ ਵਿੱਚ ਸੁਰੱਖਿਅਤ ਰਹਿ ਸਕਣ। ਜੂਨ ਵਿੱਚ ਸਕੂਲਾਂ ਦੇ ਦੁਬਾਰਾ ਖੁੱਲ੍ਹਣ ਨਾਲ ਇਹ ਸਾਬਤ ਹੋਇਆ ਕਿ ਸੂਬਾਈ ਸਿਹਤ ਅਫ਼ਸਰ, ਡਾ. ਬੌਨੀ ਹੈਨਰੀ ਦੀ ਹਿਦਾਇਤ ਅਧੀਨ, ਅਸੀਂ ਸਤੰਬਰ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਦਾ ਸਕੂਲ ਵਾਪਸੀ 'ਤੇ ਸੁਰੱਖਿਅਤ ਢੰਗ ਨਾਲ ਸੁਆਗਤ ਕਰ ਸਕਦੇ ਹਾਂ। ਅਸੀਂ ਸੂਬਾਈ ਸਰਕਾਰ ਅਤੇ ਸਾਰੇ ਵਿਦਿਅਕ ਭਾਈਵਾਲਾਂ ਨਾਲ ਕੰਮ ਕਰਦੇ ਰਹਿਣ ਦੀ ਉਮੀਦ ਕਰਦੇ ਹਾਂ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸਾਰੇ ਸਤੰਬਰ ਲਈ ਤਿਆਰ ਹਾਂ।"

ਮੀਡੀਆ ਸੰਪਰਕ:
ਗਵਰਨਮੈਂਟ ਕਮਿਊਨੀਕੇਸ਼ਨਜ਼ ਐਂਡ ਪਬਲਿਕ ਐਨਗੇਜਮੈਂਟ
ਸਿੱਖਿਆ ਮੰਤਰਾਲਾ
250-356-5963